Roll No. : .......................................

Total No. of Questions : **11** ] [ Total No. of Printed Pages : **4**

# BEED–147

## B.A. B.Ed. (Ist Year) Examination, 2023

## PUNJABI

## Paper – II (CC-1)

*Time : 3 Hours* ] [ *Maximum Marks : 60*

**खण्ड–अ** **(अंक : 2 × 8 = 16)**

**नोट** :– सभी **आठ** प्रश्नों के उत्तर दीजिए (उत्तर-सीमा **50** शब्द)। प्रत्येक प्रश्न **2** अंक का है।

**खण्ड–ब** **(अंक : 4 × 5 = 20)**

**नोट** :– सभी **पाँच** प्रश्नों के उत्तर दीजिए। प्रत्येक प्रश्न में विकल्प का चयन कीजिए (उत्तर-सीमा **200** शब्द)। प्रत्येक प्रश्न **4** अंक का है।

**खण्ड–स** **(अंक : 8 × 3 = 24)**

**नोट** :– पाँच में से किन्हीं **तीन** प्रश्नों के उत्तर दीजिए (उत्तर-सीमा **500** शब्द)। प्रत्येक प्रश्न **8** अंक का है।

**ਭਾਗ–ੳ**

1. ਹੇਠ ਲਿਖੇ ਸਾਰੇ ਅੱਠ ਪ੍ਰਸ਼ਨਾਂ ਦੇ ਉੱਤਰ ਦਿਉ (ਉੱਤਰ ਸੀਮਾ **50** ਸ਼ਬਦ)। ਹਰੇਕ ਪ੍ਰਸ਼ਨ 2 ਅੰਕ ਦਾ ਹੈ : 2×8=16

   (ੳ) ਆਦਿ ਕਾਲ ਦੇ ਪ੍ਰਸਿੱਧ ਦੋ ਨਾਥ-ਜੋਗੀਆਂ ਦੇ ਨਾਂ ਦਸੋ ?

   (ਅ) ਪੰਜਾਬੀ ਦੇ ਮੋਢੀ ਕਵੀ ਕੌਣ ਸੀ ?

   (ੲ) ਹਾਫ਼ਿਜ ਬਰਖੁਰਦਾਰ ਦੁਆਰਾ ਲਿਖੇ ਦੋ ਕਿੱਸਿਆਂ ਦੇ ਨਾਂ ਲਿਖੋ ?

(ਸ) ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਦੇ ਰਚਨਾਕਾਰ ਚਾਰ ਭਗਤਾਂ ਦੇ ਨਾਂ ਲਿਖੋ ?

(ਹ) ਹੇਠ ਲਿਖੇ ਸ਼ਬਦ-ਜੋੜਾਂ ਨੂੰ ਸਹੀ ਕਰਕੇ ਲਿਖੋ ?

(ੳ) ਪ੍ਰਿਖਿਆ

(ਅ) ਸੋਹਰਾ

(ਕ) ਹੇਠ ਲਿਖੇ ਸ਼ਬਦਾਂ ਦੇ ਘੱਟੋ-ਘੱਟ ਦੋ ਸਮਾਨਾਰਥਕ ਸ਼ਬਦ ਲਿਖੋ ?

(ੳ) ਉਸਤਤ

(ਅ) ਜਿਸਮ

(ਖ) ਹਾਸ ਰਸ ਕੀ ਹੈ ?

(ਗ) ਬੀਰ ਰਸ ਨਾਲ ਭਰਪੂਰ ਇੱਕ ਰਚਨਾ ਦਾ ਨਾਂ ਅਤੇ ਉਸਦੇ ਰਚਨਾਕਾਰ ਦਾ ਨਾਂ ਲਿਖੋ ?

**ਭਾਗ–ਅ**

**ਨੋਟ :** ਹੇਠ ਲਿਖੇ ਸਾਰੇ ਪੰਜ ਪ੍ਰਸ਼ਨਾਂ ਦਾ ਉੱਤਰ ਦਿਉ। ਹਰੇਕ ਪ੍ਰਸ਼ਨ ਵਿੱਚ ਆਂਤਰਿੰਕ ਚੋਣ ਕਰੋ (ਉਤਰ ਸੀਮਾ **200** ਸ਼ਬਦ)। ਹਰੇਕ ਪ੍ਰਸ਼ਨ 4 ਅੰਕ ਦਾ ਹੈ। 4×5=20

2. ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਦੋ ਬਾਣੀਆਂ (ਰਚਨਾਵਾਂ) ਨਾਲ ਜਾਣ-ਪਛਾਣ ਕਰਵਾਉ ?

ਜਾਂ

ਸ਼ਾਹ ਹੁਸੈਨ ਦੀਆਂ ਕਾਵਿ ਵਿਸ਼ੇਸ਼ਤਾਵਾਂ ਨਾਲ ਜਾਣ-ਪਛਾਣ ਕਰਵਾਉ ?

3. ਗੁਰੂ ਨਾਨਕ ਕਾਲ ਵਿਚ ਰਚੇ ਗਏ ਪ੍ਰਮੁੱਖ ਦੋ ਕਿੱਸਿਆਂ ਬਾਰੇ ਨੋਟ ਲਿਖੋ ?

ਜਾਂ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸਾਹਿਤੱਕ ਵਿਸ਼ੇਸ਼ਤਾਵਾਂ ਨੂੰ ਸੰਖੇਪ 'ਚ ਲਿਖੋ ?

4. ਹੇਠ ਲਿਖੇ ਵਾਰਤਕ-ਟੋਟੇ ਵਿਚ ਲੁੜੀਂਦੇ ਵਿਸਰਾਮ-ਚਿੰਨ੍ਹ ਲਾਉ ?

ਮਹਿੰਦਰ ਕੌਰ ਦੇ ਪੁੱਤਰ ਤੇ ਨੂੰਹ ਵਿਚਕਾਰ ਹਰ ਰੋਜ਼ ਹੁੰਦਾ ਲੜਾਈ ਝਗੜਾ ਵੇਖਕੇ ਉਸ ਦੀ ਗੁਆਂਢਣ ਨੇ ਕਿਹਾ ਮਹਿੰਦਰ ਤੂੰ ਆਪਣੇ ਪੁੱਤਰ ਨੂੰ ਸਮਝਾ ਕਿ ਉਹ ਸ਼ਰਾਬ ਪੀਣੀ ਛੱਡ ਦੇਵੇ ਨਿੱਤ ਦਾ ਕਲੇਸ ਆਪੇ ਖਤਮ ਹੋ ਜਾਵੇਗਾ ਹਰਿੰਦਰ ਭੈਣੇ ਡੁੱਬੀ ਤਾਂ ਜੇ ਸਾਹ ਨਾ ਆਇਆ ਜੇ ਮੁੰਡਾ ਮੇਰੀ ਸੁਣਦਾ ਹੁੰਦਾ ਤਾਂ ਇਹ ਲੜਾਈ ਝਗੜੇ ਦੀ ਨੌਬਤ ਕਾਹਨੂੰ ਆਉਂਦੀ ਮਹਿੰਦਰ ਕੌਰ ਨੇ ਭਰੇ ਮਨ ਨਾਲ ਕਿਹਾ।

ਜਾਂ

ਹੇਠ ਲਿਖੇ ਸ਼ਬਦਾਂ ਦੇ ਵਚਨ ਬਦਲੋ :

ਰਾਹ, ਘੋੜੀ, ਧੀ, ਰੂਹ, ਵਾਕ, ਮੈਂ, ਮੁੰਡਾ, ਗਾਂ

5. ਹੇਠ ਲਿਖੇ ਸਾਰੇ ਸ਼ਬਦਾਂ ਦੇ ਵਿਰੋਧੀ ਸ਼ਬਦ ਲਿਖੋ :

ਪੁੰਨ, ਖੁਸ਼ੀ, ਉਚ, ਕੋਸਾ, ਖੋਟਾ, ਸਿੱਧਾ, ਸਾਥੀ, ਸਪੁੱਤਰ

ਜਾਂ

ਹੇਠ ਲਿਖੇ ਸਾਰੇ ਸ਼ਬਦਾਂ ਦੇ ਲਿੰਗ ਬਦਲੋ :

ਊਠ, ਵਕੀਲ, ਧੋਬੀ, ਹਲਵਾਈ, ਰਾਗਣੀ, ਗੁਆਂਢਣ, ਮਾਸੀ, ਕੁੜੀ

6. ਰੌਦਰ ਰਸ ਕੀ ਹੈ, ਉਦਾਹਰਣ ਸਹਿਤ ਸਮਝਾਉ ?

ਜਾਂ

ਦੋਹਿਰਾ ਛੰਦ ਨੂੰ ਉਦਾਹਰਣ ਸਹਿਤ ਸਮਝਾਉ ?

**ਭਾਗ–ੲ**

**ਨੋਟ** : ਹੇਠ ਲਿਖੇ ਪੰਜ ਵਿੱਚੋਂ ਕਿਸੇ ਤਿੰਨ ਪ੍ਰਸ਼ਨਾਂ ਦਾ ਉੱਤਰ ਦਿਓ (ਉੱਤਰ ਸੀਮਾ **500** ਸ਼ਬਦ)। ਹਰੇਕ ਪ੍ਰਸ਼ਨ 8 ਅੰਕ ਦਾ ਹੈ। 8×3=24

7. ਸ੍ਰੀ ਗੁਰੂ ਨਾਨਕ ਜੀ ਦੇ ਜੀਵਨ, ਰਚਨਾ ਤੇ ਸਾਹਿਤਕ ਕਾਵਿ-ਕਲਾ ਬਾਰੇ ਚਰਚਾ ਕਰੋ ?

8. ਗੁਰੂ ਨਾਨਕ ਕਾਲ ਦੀ ਸੂਫ਼ੀ ਕਾਵਿ-ਧਾਰਾ ਨਾਲ ਜਾਣ-ਪਛਾਣ ਕਰਵਾਉ ?

9. ਹੇਠ ਲਿਖੇ ਵਾਕਾਂ ਨੂੰ ਸ਼ੁੱਧ ਕਰਕੇ ਲਿਖੋ ?

(ੳ) ਅੱਜ ਜਾਣਾ ਮੈਂ ਨਹੀਂ ਬਾਜ਼ਾਰ।

(ਅ) ਗਏ ਬੈਠ ਕਾਰ ਵਿਚ ਜੀਤ ਅਤੇ ਨੀਲੂ।

(ੲ) ਪਾਣੀ ਲਿਆਓ ਠੰਡਾ ਘੜੇ ਵਿਚੋਂ।

(ਸ) ਚਾਹੀਦੀ ਹੈ ਇੱਕ ਸਲੇਟ ਮੈਨੂੰ।

(ਹ) ਕਿੱਥੇ ਸੀ ਗਏ ਤੁਸੀਂ ?

(ਕ) ਉੱਤਰ ਦਿਓ ਸਵਾਲ ਮੇਰੇ ਦਾ।

(ਖ) ਖਿਲੌਣੇ ਨਾਲ ਹੈ ਖੇਡਦਾ ਬੱਚਾ ਛੋਟਾ।

(ਗ) ਖਾ ਲਈ ਰੋਟੀ ਤੂੰ ਹੈ ਕੀ ?

10. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਇਸ ਤਰ੍ਹਾਂ ਵਰਤੋ ਕਿ ਹਰ ਸ਼ਬਦ ਦੇ ਘੱਟੋ-ਘੱਟ ਦੇ ਵੱਖਰੇ ਅਰਥ ਸਪਸ਼ੱਟ ਹੋ ਜਾਣ ?

ਟਿੱਕੀ, ਪੱਕਾ, ਉਲਟੀ, ਫੁੱਲ

11. ਅਲੰਕਾਰ ਦੀ ਪਰਿਭਾਸ਼ਾ ਦਸਦੇ ਹੋਏ ਇਸ ਦੀਆਂ ਕਿਸਮਾਂ ਨੂੰ ਉਦਾਹਰਣਾਂ ਸਹਿਤ ਸਮਝਾਓ ?